24-9-95

# ਕਲਾ ਦੇ ਝਰੋਖੇ ਤੋਂ

ਗੁਰਸ਼ਰਨ ਸਿੰਘ

## ● ਬਜ਼ੁਰਗ ਔਰਤਾਂ ਦਾ ਬਦਲਦਾ ਸਭਿਆਚਾਰ

ਬਜ਼ੁਰਗਾਂ ਦਾ, ਜਿਨ੍ਹਾਂ ਵਿਚ ਸਾਡੀਆਂ ਔਰਤਾਂ ਵੀ ਸ਼ਾਮਲ ਹਨ, ਸਤਿਕਾਰ ਸਾਡੇ ਸਭਿਆਚਾਰ ਦਾ ਇਕ ਜ਼ਰੂਰੀ ਅੰਗ ਹੈ। ਔਰਤਾਂ ਦੀ ਜਾਗ੍ਰਿਤੀ ਦੀ ਲਹਿਰ ਦੇ ਸੰਦਰਭ ਵਿਚ ਬਜ਼ੁਰਗ ਔਰਤਾਂ ਦੀ ਭੂਮਿਕਾ ਬਾਰੇ ਚਰਚਾ ਜ਼ਰੂਰੀ ਹੋ ਗਈ ਹੈ। ਬਜ਼ੁਰਗ ਔਰਤਾਂ ਸਾਡੀਆਂ ਮਾਵਾਂ ਹਨ, ਸਾਡੀਆਂ ਸੱਸਾਂ ਹਨ। ਉਨ੍ਹਾਂ ਕੋਲ ਜ਼ਿੰਦਗੀ ਦੇ ਦੁੱਖਾਂ, ਸੁੱਖਾਂ ਦਾ ਇਕ ਲੰਮਾ ਤਜਰਬਾ ਹੈ। ਸਿਆਣਪਤਾ ਵੀ ਹੈ ਪਰ ਇਸ ਸਿਆਣਪਤਾ ਦੇ ਨਾਲ ਨਾਲ ਹਠ ਵੀ ਹੈ। ਜ਼ਿੰਦਗੀ ਦੀਆਂ ਬਦਲਦੀਆਂ ਕਦਰਾਂ ਕੀਮਤਾਂ ਦੇ ਨਾਲ ਬਦਲਣ ਦੀ ਇਨ੍ਹਾਂ ਦੀ ਜ਼ਿੱਦ ਬਹੁਤ ਸਾਰੇ ਘਰਾਂ ਵਿਚ ਦੁੱਖ ਅਤੇ ਕਲੇਸ਼ ਦਾ ਕਾਰਨ ਬਣਦੀ ਹੈ। ਪ੍ਰਦੇਸ਼ਾਂ ਵਿਚ ਆਪਣੀ ਨਾਟਕ ਫੇਰੀ ਦੌਰਾਨ ਮੈਨੂੰ ਇਸ ਗੱਲ ਦਾ ਸ਼ਿੱਦਤ ਨਾਲ ਅਹਿਸਾਸ ਹੋਇਆ ਹੈ। ਸਾਡੇ ਪ੍ਰੋਗਰਾਮ ਵਿਚ ਪੇਸ਼ ਕੀਤੇ ਜਾਂਦੇ ਦੋ ਨਾਟਕਾਂ, ਸਮਾਜ ਅਤੇ ਸੰਤਾਪ ਵਿਚ ਔਰਤਾਂ ਦੇ ਮਸਲਿਆਂ ਦੀ ਗੱਲ ਸੀ। ਹਰ ਪ੍ਰੋਗਰਾਮ ਬਾਅਦ ਪੰਜ ਸੱਤ ਔਰਤਾਂ ਮੈਨੂੰ ਵੱਖ ਲਿਜਾ ਕੇ ਆਪਣਾ ਦੁੱਖ ਜ਼ਰੂਰ ਸੁਣਾਉਂਦੀਆਂ ਸਨ। ਇਨ੍ਹਾਂ ਵਿਚ ਮਾਵਾਂ, ਸੱਸਾਂ ਵੀ ਸਨ ਅਤੇ ਧੀਆਂ ਨੂੰਹਾਂ ਵੀ ਸਨ। ਮਾਵਾਂ ਜਿਹੜੀਆਂ ਆਪਣੇ ਪੁੱਤਰਾਂ ਕੋਲ ਰਹਿੰਦੀਆਂ ਹਨ, ਉਹ ਕਲੇਸ਼ ਦਾ ਕਾਰਨ ਤਾਂ ਬਣਦੀਆਂ ਹਨ ਕਿ ਉਹ ਜਾਂ ਤਾਂ ਰੁਅਬ ਦਾ ਪਾਤਰ ਬਣਦੀਆਂ ਹਨ ਜਾਂ ਤਰਸ ਦਾ ਪਾਤਰ ਬਣਦੀਆਂ ਹਨ। ਦੋਵੇਂ ਹਾਲਤਾਂ ਵਿਚ ਬਹੁਤੀ ਵਾਰ ਬਗੈਰ ਕਿਸੇ ਵਜ੍ਹਾ ਦੇ ਆਪਣੀ ਨੂੰਹ ਦੀ ਜ਼ਿੰਦਗੀ ਵਿਚ ਵਿਘਨ ਪਾਂਦੀਆਂ ਹਨ। ਪੁੱਤਰ ਜਿਹੜੇ ਵੱਡੇ ਡਾਕਟਰ ਹਨ, ਇੰਜੀਨੀਅਰ ਹਨ, ਘਰ ਵਿਚ ਬੇਵੱਸ ਹੋ ਕੇ ਰਹਿ ਜਾਂਦੇ ਹਨ। ਜਾਣਦੇ ਹੋਏ ਵੀ ਕਿ ਮਾਂ ਦੀ ਕਿਸੇ ਵਿਸ਼ੇਸ਼ ਮਸਲੇ ਵੱਲ ਪਹੁੰਚ ਸਹੀ ਨਹੀਂ, ਬੋਲਦੇ ਨਹੀਂ। ਉਹ ਫਰਮਾਂਦਾਰ ਪੁੱਤਰ ਦੀ ਭੂਮਿਕਾ ਨਿਭਾਉਣਾ ਚਾਹੁੰਦੇ ਹਨ। ਇਹ ਸੋਚਣਾ ਬਣਦਾ ਹੈ ਕਿ ਫਰਮਾਂਦਾਰੀ ਕਿਸੇ ਮਸਲੇ ਵੱਲ ਸਹੀ ਸੋਚ ਅਪਨਾਉਣ ਵਿਚ ਰੁਕਾਵਟ ਨਹੀਂ ਹੋਣੀ ਚਾਹੀਦੀ। ਵੇਲਾ ਵਿਹਾ ਚੁੱਕੀਆਂ ਬਹੁਤੀਆਂ ਕਦਰਾਂ ਕੀਮਤਾਂ ਦੇ ਵਿਰੁਧ ਬਗਾਵਤ ਇਸਤਰੀ ਲਹਿਰ ਦਾ ਇਕ ਜ਼ਰੂਰੀ ਅੰਗ ਹੈ। ਇਸ ਸੰਦਰਭ ਵਿਚ ਬਜ਼ੁਰਗ ਔਰਤ ਰੁਕਾਵਟ ਹਨ। ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕਰਨਾ, ਪਿਆਰ ਨਾਲ ਅਤੇ ਲੋੜ ਪੈਣ 'ਤੇ ਸਖਤੀ ਨਾਲ ਸਮਝਾਉਣਾ ਬਣਦਾ ਹੈ। ਕਿਸੇ ਹਾਲਤ ਵਿਚ ਝੁਕਣਾ ਜਾਂ ਸਮਝੌਤਾ ਚੰਗੀ ਗੱਲ ਨਹੀਂ। ਨੂੰਹ ਸੱਸ ਦੀ ਰਵਾਇਤੀ ਖਹਿਬਾਜ਼ੀ ਆਖ ਕੇ ਇਹ ਮਸਲਾ ਟਾਲਿਆ ਨਹੀਂ ਜਾ ਸਕਦਾ।

## ● ਪੱਛਮੀ ਸਭਿਆਚਾਰ

ਵਿਨੀਪੈਗ ਕੈਨੇਡਾ ਦੇ ਇਕ ਗੁਰਦੁਆਰੇ ਦੇ ਕਮਿਊਨਿਟੀ ਹਾਲ ਵਿਚ ਪੰਜਾਬੀ ਬੱਚਿਆਂ ਵਲੋਂ ਪੇਸ਼ ਕੀਤਾ ਇਕ ਸਭਿਆਚਾਰਕ ਪ੍ਰੋਗਰਾਮ ਵੇਖਣ ਦਾ ਮੌਕਾ ਮਿਲਿਆ। ਇਸ ਪ੍ਰੋਗਰਾਮ ਵਿਚ ਬਹੁਤੇ ਆਈਟਮ ਟੇਪ 'ਤੇ ਵਜਾਏ ਹੋਏ ਗੀਤਾਂ ਦੀ ਸੰਗਤ ਵਿਚ ਕੋਰੀਓਗਰਾਫੀ ਦੇ ਸਨ। ਗੀਤ ਸਾਰੇ ਫਿਲਮੀ ਸਨ। ਉਨ੍ਹਾਂ ਵਿਚ ਪੰਜਾਬੀ ਦੇ ਗੀਤ ਵੀ ਸ਼ਾਮਲ ਸਨ। ਇਨ੍ਹਾਂ ਪੰਜਾਬੀ ਗੀਤਾਂ ਦੀ ਕੋਰੀਓਗਰਾਫੀ ਵਿਚ ਭੰਗੜਾ, ਗਿੱਧਾ ਦੇ ਐਕਸ਼ਨ ਜ਼ਰੂਰੀ ਭਾਗ ਸਨ। ਪੰਜਾਬੀ ਮਾਪੇ ਖੁਸ਼ ਸਨ ਕਿਉਂਕਿ ਉਨ੍ਹਾਂ ਦੀਆਂ ਨਜ਼ਰਾਂ ਵਿਚ ਬੱਚੇ ਪੱਛਮ ਡਿਸਕੋ ਦੀ ਥਾਂ ਆਪਣੇ ਸਭਿਆਚਾਰ ਦੇ ਨਾਚ ਨੱਚ ਰਹੇ ਸਨ। ਪੁੱਛਣ 'ਤੇ ਕਿ ਉਨ੍ਹਾਂ ਨੂੰ ਪੱਛਮੀ ਸਭਿਆਚਾਰ ਨਾਲ ਏਨੀ ਚਿੜ ਕਿਉਂ ਹੈ? ਤਾਂ ਜਵਾਬ ਵਿਚ ਉਹ ਨੰਗੇਜ਼, ਬੇਸ਼ਰਮੀ ਅਤੇ ਅਸ਼ਲੀਲਤਾ ਦੀਆਂ ਮਿਸਾਲਾਂ ਦੇ ਸਕੇ। ਮੈਂ ਉਨ੍ਹਾਂ ਦਾ ਧਿਆਨ ਪੱਛਮੀ ਸਭਿਅਤਾ ਦੀ ਪਹਿਚਾਣ ਦੀ ਸੋਚ ਵੱਲ ਦਿਵਾਇਆ, ਜਿਸ ਦੇ ਸਦਕੇ ਪੱਛਮ ਵਾਲਿਆਂ ਨੇ ਹੈਰਾਨਕੁਨ ਪ੍ਰਾਪਤੀਆਂ ਕੀਤੀਆਂ ਹਨ। ਜ਼ਿੰਦਗੀ ਨੂੰ ਇਕ ਤਰਤੀਬ ਦਿੱਤੀ ਹੈ। ਸਾਹਿਤ ਅਤੇ ਕਲਾ ਵਿਚ ਬੁਲੰਦੀਆਂ ਛੂਹੀਆਂ ਹਨ। ਨੰਗੇਜ਼ ਅਤੇ ਅਸ਼ਲੀਲਤਾ ਉਪਭੋਗੀ ਕਲਚਰ ਦੀ ਦੇਣ ਹਨ। ਪੱਛਮੀ ਸਭਿਆਚਾਰ ਵੀ ਇਹਦੀ ਸ਼ਿਕਾਰ ਹੈ ਤੇ ਭਾਰਤੀ ਕਲਚਰ ਵੀ ਇਸ ਤੋਂ ਮੁਕਤ ਨਹੀਂ। ਪੱਛਮ ਪੂਰਬ ਦੇ ਵਖਰੇਵੇਂ ਵਿਚ ਪਏ ਬਗੈਰ ਲੋੜ ਹੈ ਕਿ ਸੂਝਵਾਨ ਲੋਕ ਮਾਨਵੀ ਕਲਚਰ ਦੇ ਹੱਕ ਵਿਚ ਭੁਗਤਣ।

## ● ਘੋਲੀਆਂ ਕਲਾਂ ਵਿਚ ਸਾਹਿਤ ਸਭਿਆਚਾਰਕ ਸਮਾਗਮ

24 ਸਤੰਬਰ ਐਤਵਾਰ, ਲੇਖਕ ਦਿਵਸ ਦੇ ਸੰਦਰਭ ਵਿਚ, ਪਲਸ ਮੰਚ ਵਲੋਂ ਦਿਨ ਅਤੇ ਰਾਤ ਦੇ ਇਕ ਸਾਹਿਤ ਸਭਿਆਚਾਰਕ ਸਮਾਗਮ ਘੋਲੀਆਂ ਕਲਾਂ ਵਿਚ ਹੋ ਰਿਹਾ ਹੈ। ਇਸ ਸਮਾਗਮ ਦੀ ਵਿਸ਼ੇਸ਼ਤਾ ਹੈ ਕਿ ਸਵੇਰ ਦੇ ਸੈਸ਼ਨ ਵਿਚ ਸਾਹਿਤ ਅਤੇ ਲੋਕਾਂ ਦੇ ਰਿਸ਼ਤੇ ਬਾਰੇ ਵਿਸਥਾਰ ਨਾਲ ਵਿਚਾਰ ਵਟਾਂਦਰਾ ਕੀਤਾ ਜਾਏਗਾ। ਬਹਿਸ ਅਕਾਦਮਿਕ ਨਹੀਂ, ਸਗੋਂ ਸਾਧਾਰਨ ਪੱਧਰ ਦੀ ਲੋਕਾਂ ਦੀ ਬੋਲੀ ਵਿਚ ਕੀਤੀ ਜਾਏਗੀ। ਦੁਪਹਿਰ ਵਿਸ਼ਾਲ ਕਵੀ ਦਰਬਾਰ, ਸ਼ਾਮ ਨੁੱਕੜ ਨਾਟਕ ਅਤੇ ਰਾਤ ਨਾਟਕਾਂ ਦਾ ਪ੍ਰੋਗਰਾਮ ਹੋਵੇਗਾ। ਘੋਲੀਆਂ ਕਲਾਂ ਮੋਗੇ ਤੋਂ 15 ਕਿਲੋਮੀਟਰ ਦੀ ਦੂਰੀ 'ਤੇ ਹੈ। ਬੱਸਾਂ ਮੋਗੇ ਦੇ ਬੱਸ ਸਟੈਂਡ ਬੜੀਆਂ ਆਮ ਮਿਲਦੀਆਂ ਹਨ।